ਮਿੱਠੇ ਬੱਚੇ:- ਸਤਿਗੁਰੂ ਆਇਆ ਹੈ ਤੁਹਾਡੀ ਤਕਦੀਰ ਬਣਾਉਣ ਤਾਂ ਚਲਣ ਬਹੁਤ - ਬਹੁਤ ਰਾਇਲ ਹੋਣੀ ਚਾਹੀਦੀ ਹੈ ”

ਪ੍ਰਸ਼ਨ:- ਡਰਾਮੇ ਦਾ ਕਿਹੜਾ ਪਲਾਨ ਬਣਿਆ ਹਿਆ ਹਰ ਇਸਲਈ ਕਿਸੇ ਨੂੰ ਦੋਸ਼ ਨਹੀਂ ਦੇ ਸਕਦੇ ਹਾਂ?

ਉੱਤਰ:- ਡਰਾਮਾ ਵਿੱਚ ਇਸ ਪੁਰਾਣੀ ਦੁਨੀਆਂ ਦੇ ਵਿਨਾਸ਼ ਦਾ ਪਲਾਨ ਬਣਿਆ ਹੋਇਆ ਹੈ, ਇਸ ਵਿੱਚ ਕਿਸੇ ਦਾ ਦੋਸ਼ ਨਹੀਂ ਹੈ। ਇਸ ਸਮੇਂ ਇਸ ਦੇ ਵਿਨਾਸ਼ ਦੇ ਲਈ ਪ੍ਰਕ੍ਰਿਤੀ ਨੂੰ ਜ਼ੋਰ ਨਾਲ ਗੁੱਸਾ ਆਇਆ ਹੈ। ਚਾਰੋਂ ਤਰਫ ਅਰਥਕਵੇਕ ਹੋਵੇਗੀ, ਮਕਾਨ ਡਿੱਗਣਗੇ, ਫਲੱਡ ਆਏਗੀ, ਅਕਾਲ ਪਏਗਾ ਇਸਲਈ ਬਾਪ ਕਹਿੰਦੇ ਹਨ ਬੱਚੇ ਹੁਣ ਇਸ ਪੁਰਾਣੀ ਦੁਨੀਆਂ ਤੋਂ ਤੁਸੀਂ ਆਪਣਾ ਬੁੱਧੀਯੋਗ ਨਿਕਾਲ ਦੋ, ਸਤਿਗੁਰੂ ਦੀ ਸ਼੍ਰੀਮਤ ਤੇ ਚੱਲੋ। ਜਿਉਂਦੇ ਜੀ ਦੇਹ ਦਾ ਭਾਨ ਛੱਡ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨ ਦਾ ਪੁਰਸ਼ਾਰਥ ਕਰਦੇ ਰਹੋ।

ਗੀਤ:- ਹਮੇਂ ਉਨ ਰਾਹੋਂ ਪਰ ਚੱਲਣਾ ਹੈ...

ਓਮ ਸ਼ਾਂਤੀ। ਕਿਨ੍ਹਾ ਰਾਹਾਂ ਤੇ ਚਲਣਾ ਹੈ? ਗੁਰੂ ਦੀ ਰਾਹ ਤੇ ਚਲਣਾ ਹੈ। ਇਹ ਕਿਹੜਾ ਗੁਰੂ ਹੈ? ਉਠਦੇ - ਬੈਠਦੇ ਮਨੁੱਖਾਂ ਦੇ ਮੂੰਹ ਤੋਂ ਨਿਕਲ ਜਾਂਦਾ ਹੈ ਵਾਹ ਗੁਰੂ। ਗੁਰੂ ਤਾਂ ਕਈ ਹਨ। ਵਾਹ ਗੁਰੂ ਕਿਸ ਨੂੰ ਕਹਾਂਗੇ? ਕਿਸ ਦੀ ਮਹਿਮਾ ਗਾਉਣਗੇ? ਸਤਿਗੁਰੂ ਇੱਕ ਹੀ ਬਾਪ ਹੈ। ਭਗਤੀ ਮਾਰਗ ਦੇ ਢੇਰ ਗੁਰੂ ਹਨ। ਕੋਈ ਕਿਸ ਦੀ ਮਹਿਮਾ ਕਰਦੇ ਹਨ, ਕੋਈ ਕਿਸ ਦੀ ਮਹਿਮਾ ਕਰਦੇ ਹਨ। ਬੱਚਿਆਂ ਦੀ ਬੁੱਧੀ ਵਿੱਚ ਹੈ ਸੱਚਾ ਸਤਿਗੁਰੂ ਉਹ ਇੱਕ ਹੈ, ਜਿਸ ਦੀ ਵਾਹ - ਵਾਹ ਮੰਨੀ ਜਾਂਦੀ ਹੈ। ਸੱਚਾ ਸਤਿਗੁਰੂ ਹੈ ਤਾਂ ਜਰੂਰ ਝੂਠੇ ਵੀ ਹੋਣਗੇ। ਸੱਚ ਹੁੰਦਾ ਹੈ ਸੰਗਮ ਤੇ। ਭਗਤੀ ਮਾਰਗ ਵਿੱਚ ਵੀ ਸੱਚ ਦੀ ਮਹਿਮਾ ਗਾਉਂਦੇ ਹਨ। ਉੱਚ ਤੇ ਉੱਚ ਬਾਪ ਹੀ ਸਚਾ ਹੈ, ਲਿਬ੍ਰੇਟਰ, ਗਾਈਡ ਵੀ ਬਣਦਾ ਹੈ। ਅੱਜਕਲ ਦੇ ਗੁਰੂ ਲੋਕ ਤਾਂ ਗੰਗਾ ਸ਼ਨਾਨ ਤੇ ਜਾਂ ਤੀਰਥਾਂ ਤੇ ਲੈ ਜਾਣ ਦੇ ਗਾਈਡ ਬਣਦੇ ਹਨ। ਇਹ ਸਤਿਗੁਰੂ ਤਾਂ ਅਜਿਹਾ ਨਹੀਂ ਹੈ। ਜਿਸ ਨੂੰ ਸਾਰੇ ਯਾਦ ਕਰਦੇ ਹਨ - ਹੇ ਪਤਿਤ ਪਾਵਨ ਆਓ। ਪਤਿਤ - ਪਾਵਨ, ਸਤਿਗੁਰੂ ਨੂੰ ਹੀ ਕਿਹਾ ਜਾਂਦਾ ਹੈ। ਉਹ ਹੀ ਪਾਵਨ ਬਣਾ ਸਕਦੇ ਹਨ। ਉਹ ਗੁਰੂ ਲੋਕ ਪਾਵਨ ਬਣਾ ਨਹੀਂ ਸਕਦੇ। ਉਹ ਕੋਈ ਇਵੇਂ ਨਹੀਂ ਕਹਿੰਦੇ ਕਿ ਮਾਮੇਕਮ ਯਾਦ ਕਰੋ। ਭਾਵੇਂ ਗੀਤਾ ਵੀ ਪੜ੍ਹਦੇ ਹਨ ਪਰ ਅਰਥ ਦਾ ਪਤਾ ਬਿਲਕੁਲ ਨਹੀਂ ਹੈ। ਜੇਕਰ ਸਮਝਦੇ ਸਤਿਗੁਰੂ ਇੱਕ ਹੈ ਤਾਂ ਆਪਣੇ ਨੂੰ ਗੁਰੂ ਨਹੀਂ ਕਹਿਲਾਉਂਦੇ। ਡ੍ਰਾਮਾਨੁਸਾਰ ਭਗਤੀ ਮਾਰਗ ਦੀ ਡਿਪਾਰਟਮੈਂਟ ਹੀ ਵੱਖ ਹੈ ਜਿਸ ਵਿੱਚ ਕਈ ਗੁਰੂ, ਕਈ ਭਗਤ ਹਨ। ਇਹ ਤਾਂ ਇੱਕ ਹੀ ਹੈ। ਫਿਰ ਇਹ -ਦੇਵੀ - ਦੇਵਤਾ ਪਹਿਲੇ ਨੰਬਰ ਵਿੱਚ ਆਉਂਦੇ ਹਨ। ਹੁਣ ਲਾਸ੍ਰ ਵਿੱਚ ਹਨ। ਬਾਪ ਆਕੇ ਇਨ੍ਹਾਂ ਨੂੰ ਸਤਯੁਗ ਦੀ ਬਾਦਸ਼ਾਹੀ ਦਿੰਦੇ ਹਨ। ਤਾਂ ਹੋਰ ਸਭ ਨੂੰ ਆਟੋਮੈਟੀਕਲੀ ਵਾਪਿਸ ਜਾਣਾ ਹੈ, ਇਸਲਈ ਸਰਵ ਦਾ ਸਦਗਤੀ ਦਾਤਾ ਇੱਕ ਕਿਹਾ ਜਾਂਦਾ ਹੈ। ਤੁਸੀਂ ਸਮਝਦੇ ਹੋ ਕਲਪ - ਕਲਪ ਸੰਗਮ ਤੇ ਹੀ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੁੰਦੀ ਹੈ। ਤੁਸੀਂ ਪੁਰਸ਼ੋਤਮ ਬਣਦੇ ਹੋ। ਬਾਕੀ ਹੋਰ ਕੋਈ ਕੰਮ ਨਹੀਂ ਕਰਦੇ। ਗਾਇਆ ਵੀ ਜਾਂਦਾ ਹੈ ਗਤੀ - ਸਦਗਤੀ ਦਾਤਾ ਇੱਕ ਹੈ। ਇਹ ਬਾਪ ਦੀ ਹੀ ਮਹਿਮਾ ਹੈ। ਗਤੀ - ਸਦਗਤੀ ਸੰਗਮ ਤੇ ਹੀ ਮਿਲਦੀ ਹੈ। ਸਤਯੁਗ ਵਿੱਚ ਤਾਂ ਹੈ ਇੱਕ ਧਰਮ। ਇਹ ਵੀ ਸਮਝ ਦੀ ਗੱਲ ਹੈ ਨਾ। ਪਰ ਇਹ ਬੁੱਧੀ ਦਵੇ ਕੌਣ? ਤੁਸੀਂ ਸਮਝਦੇ ਹੋ ਬਾਪ ਹੀ ਆਕੇ ਯੁਕਤੀ ਦੱਸਦੇ ਹਨ। ਸ਼੍ਰੀਮਤ ਦਿੰਦੇ ਹਨ ਕਿਸ ਨੂੰ? ਆਤਮਾਵਾਂ ਨੂੰ। ਉਹ ਬਾਪ ਵੀ ਹੈ, ਸਤਿਗੁਰੂ ਵੀ ਹੈ, ਟੀਚਰ ਵੀ ਹੈ। ਗਿਆਨ ਸਿਖਾਉਂਦੇ ਹਨ ਨਾ। ਬਾਕੀ ਸਭ ਗੁਰੂ ਭਗਤੀ ਹੀ ਸਿਖਾਉਂਦੇ ਹਨ। ਬਾਪ ਦੇ ਗਿਆਨ ਨਾਲ ਤੁਹਾਡੀ ਸਦਗਤੀ ਹੁੰਦੀ ਹੈ। ਫਿਰ ਇਸ ਪੁਰਾਣੀ ਦੁਨੀਆਂ ਤੋਂ ਚਲੇ ਜਾਂਦੇ ਹਨ। ਤੁਹਾਡਾ ਇਹ ਬੇਹੱਦ ਦਾ ਸੰਨਿਆਸ ਵੀ ਹੈ। ਬਾਪ ਨੇ ਸਮਝਾਇਆ ਹੈ ਹੁਣ 84 ਜਨਮਾਂ ਦਾ ਚੱਕਰ ਤੁਹਾਡਾ ਪੂਰਾ। ਹੋਇਆ ਹੈ ਹੁਣ ਇਹ ਦੁਨੀਆਂ ਖਤਮ ਹੋਣੀ ਹੈ। ਜਿਵੇਂ ਕੋਈ ਬਿਮਾਰ ਸਿਰੀਅਸ ਹੁੰਦਾ ਹੈ ਕਹਿਣਗੇ ਹੁਣ ਇਹ ਤਾਂ ਜਾਣ ਵਾਲਾ ਹੈ, ਉਸ ਨੂੰ ਯਾਦ ਕੀ ਕਰਾਂਗੇ। ਸ਼ਰੀਰ ਖਤਮ ਹੋ ਜਾਏਗਾ। ਬਾਕੀ ਆਤਮਾ ਤਾਂ ਜਾਕੇ ਦੂਜਾ ਸ਼ਰੀਰ ਲੈਂਦੀ ਹੈ। ਉਮੀਦ ਟੁੱਟ ਜਾਂਦੀ ਹੈ। ਬੰਗਾਲ ਵਿੱਚ ਤਾਂ ਜੱਦ ਵੇਖਦੇ ਹਨ ਉਮੀਦ ਨਹੀਂ ਹੈ ਤਾਂ ਗੰਗਾ ਵਿੱਚ ਜਾ ਡੁਬਾਉਂਦੇ ਹਨ ਤਾਂਕਿ ਪ੍ਰਾਣ ਨਿਕਲ ਜਾਣ। ਮੂਰਤੀਆਂ ਦੀ ਵੀ ਪੂਜਾ ਕਰ ਫਿਰ ਜਾਕੇ ਕਹਿੰਦੇ ਹਨ ਡੁੱਬ ਜਾ, ਡੁੱਬ ਜਾ... ਹੁਣ ਤੁਸੀਂ ਜਾਣਦੇ ਹੋ ਇਹ ਸਾਰੀ ਪੁਰਾਣੀ ਦੁਨੀਆਂ ਡੁੱਬ ਜਾਣੀ ਹੈ। ਫਲਡਸ ਹੋਣਗੇ, ਅੱਗ ਲੱਗੇਗੀ, ਭੁੱਖ ਨਾਲ ਮਨੁੱਖ ਮਰਨਗੇ। ਇਹ ਸਭ ਹਲਾਤ ਆਉਣੇ ਹਨ। ਅਰਥਕਵੇਕ ਵਿੱਚ ਮਕਾਨ ਆਦਿ ਡਿੱਗ ਪੈਣਗੇ। ਇਸ ਸਮੇਂ ਪ੍ਰਕ੍ਰਿਤੀ ਨੂੰ ਗੁੱਸਾ ਆਉਂਦਾ ਹੈ ਤਾਂ ਸਭਨੂੰ ਖਲਾਸ ਕਰ ਦਿੰਦੀ ਹੈ। ਇਹ ਸਭ ਹਾਲਾਤਾਂ ਸਾਰੀ ਦੁਨੀਆਂ ਦੇ ਲਈ ਆਉਣੀਆਂ ਹਨ। ਕਈ ਤਰ੍ਹਾਂ ਦੀ ਮੌਤ ਆ ਜਾਂਦੀ ਹੈ। ਬੰਬਸ ਵਿੱਚ ਵੀ ਜ਼ਹਿਰ ਭਰਿਆ ਹੁੰਦਾ ਹੈ। ਥੋੜੀ ਬਾਂਸ ਆਉਣ ਤੇ ਬੇਹੋਸ਼ ਹੋ ਜਾਂਦੇ ਹਨ। ਇਹ ਤੁਸੀਂ ਜਾਣਦੇ ਹੋ ਕਿ ਕੀ - ਕੀ ਹੋਣ ਦਾ ਹੈ। ਇਹ ਸਭ ਕੌਣ ਕਰਾਉਂਦੇ ਹਨ? ਬਾਪ ਤਾਂ ਨਹੀਂ ਕਰਾਉਂਦੇ ਹਨ। ਇਹ ਡਰਾਮਾ ਵਿੱਚ ਨੂੰਧ ਹੈ। ਕਿਸੇ ਤੇ ਦੋਸ਼ ਨਹੀਂ ਦੇਣਗੇ। ਡਰਾਮਾ ਦਾ ਪਲਾਨ ਬਣਿਆ ਹੋਇਆ ਹੈ। ਪੁਰਾਣੀ ਦੁਨੀਆ ਸੋ ਫਿਰ ਨਵੀਂ ਜਰੂਰ ਹੋਵੇਗੀ। ਨੈਚੁਰਲ ਕਲੈਮਿਟੀਜ਼ ਆਏਗੀ। ਵਿਨਾਸ਼ ਹੋਣ ਦਾ ਹੀ ਹੈ। ਇਸ ਪੁਰਾਣੀ ਦੁਨੀਆ ਤੋਂ ਬੁੱਧੀ ਦਾ ਯੋਗ ਹਟਾ ਦੇਣਾ, ਇਸ ਨੂੰ ਬੇਹੱਦ ਦਾ ਸੰਨਿਆਸ ਕਿਹਾ ਜਾਂਦਾ ਹੈ।

ਹੁਣ ਤੁਸੀਂ ਕਹੋਗੇ ਵਾਹ ਸਤਿਗੁਰੂ ਵਾਹ! ਜੋ ਸਾਨੂੰ ਇਹ ਰਸਤਾ ਦੱਸਿਆ। ਬੱਚਿਆਂ ਨੂੰ ਵੀ ਸਮਝਾਉਂਦੇ ਹਨ - ਇਵੇਂ ਚਲਨ ਨਹੀਂ ਚੱਲੋ ਜੋ ਉਨ੍ਹਾਂ ਦੀ ਨਿੰਦਾ ਹੋਵੇ। ਤੁਸੀਂ ਇੱਥੇ ਜਿਉਂਦੇ ਜੀ ਮਰਦੇ ਹੋ। ਦੇਹ ਨੂੰ ਛੱਡ ਆਪਣੇ ਨੂੰ ਆਤਮਾ ਸਮਝਦੇ ਹੋ। ਦੇਹ ਤੋਂ ਨਿਆਰੀ ਆਤਮਾ

ਬਣ ਬਾਪ ਨੂੰ ਯਾਦ ਕਰਨਾ ਹੈ। ਇਹ ਤਾਂ ਬਹੁਤ ਚੰਗਾ ਕਹਿੰਦੇ ਹਨ ਵਾਹ ਸਤਿਗੁਰੂ ਵਾਹ! ਪਾਰਲੌਕਿਕ ਸਤਿਗੁਰੂ ਦੀ ਹੀ ਵਾਹ - ਵਾਹ ਹੁੰਦੀ ਹੈ। ਲੌਕਿਕ ਗੁਰੂ ਤਾਂ ਢੇਰ ਹਨ। ਸਤਿਗੁਰੂ ਤਾਂ ਇੱਕ ਹੀ ਹੈ ਸੱਚਾ - ਸੱਚਾ, ਜਿਸਦਾ ਫਿਰ ਭਗਤੀ ਮਾਰਗ ਵਿੱਚ ਵੀ ਨਾਮ ਚਲਿਆ ਆਉਂਦਾ ਹੈ। ਸਾਰੀ ਸ੍ਰਿਸ਼ਟੀ ਦਾ ਬਾਪ ਤਾਂ ਇੱਕ ਹੀ ਹੈ। ਨਵੀਂ ਸ੍ਰਿਸ਼ਟੀ ਦੀ ਸਥਾਪਨਾ ਕਿਵੇਂ ਹੁੰਦੀ ਹੈ, ਇਹ ਵੀ ਕਿਸੇ ਨੂੰ ਪਤਾ ਨਹੀਂ ਹੈ। ਸ਼ਾਸਤਰਾਂ ਵਿੱਚ ਤਾਂ ਵਿਖਾਉਂਦੇ ਹਨ ਪ੍ਰਲਯ ਹੋ ਗਈ ਫਿਰ ਪਿੱਪਲ ਦੇ ਪੱਤੇ ਤੇ ਸ੍ਰੀਕ੍ਰਿਸ਼ਨ ਆਇਆ। ਹੁਣ ਤੁਸੀਂ ਸਮਝਦੇ ਹੋ ਪਿੱਪਲ ਦੇ ਪੱਤੇ ਤੇ ਕਿਵੇਂ ਆਏਗਾ। ਕ੍ਰਿਸ਼ਨ ਦੀ ਮਹਿਮਾ ਕਰਨ ਨਾਲ ਕੁਝ ਫਾਇਦਾ ਨਹੀਂ ਹੁੰਦਾ। ਤੁਹਾਨੂੰ ਹੁਣ ਚੜ੍ਹਦੀ ਕਲਾ ਵਿੱਚ ਲੈ ਜਾਣ ਦੇ ਲਈ ਸਤਿਗੁਰੂ ਮਿਲਿਆ ਹੈ। ਕਹਿੰਦੇ ਹਨ ਨਾ ਚੜ੍ਹਦੀ ਕਲਾ ਤੇਰੇ ਭਾਣੇ ਸਰਵ ਦਾ ਭਲਾ। ਤਾਂ ਰੂਹਾਨੀ ਬਾਪ ਆਤਮਾਵਾਂ ਨੂੰ ਬੈਠ ਸਮਝਾਉਂਦੇ ਹਨ। 84 ਜਨਮ ਵੀ ਆਤਮਾ ਨੇ ਲੀਤੇ ਹਨ। ਹਰ ਇੱਕ ਜਨਮ ਵਿੱਚ ਨਾਮ - ਰੂਪ ਦੂਜਾ ਹੋ ਜਾਂਦਾ। ਇਵੇਂ ਨਹੀਂ ਕਹਿਣਗੇ ਫਲਾਣੇ ਨੇ 84 ਜਨਮ ਲੀਤੇ ਹਨ। ਨਹੀਂ, ਆਤਮਾ ਨੇ 84 ਜਨਮ ਲਏ। ਸ਼ਰੀਰ ਤਾਂ ਬਦਲਦੇ ਜਾਂਦੇ ਹਨ। ਤੁਹਾਡੀ ਬੁੱਧੀ ਵਿੱਚ ਇਹ ਸਭ ਗੱਲਾਂ ਹਨ। ਸਾਰੀ ਨਾਲੇਜ ਬੁੱਧੀ ਵਿੱਚ ਰਹਿਣੀ ਚਾਹੀਦੀ ਹੈ। ਕੋਈ ਵੀ ਆਏ ਤਾਂ ਉਨ੍ਹਾਂ ਨੂੰ ਸਮਝਾਏ। ਆਦਿ ਵਿੱਚ ਸੀ ਹੀ ਦੇਵੀ - ਦੇਵਤਾਵਾਂ ਦਾ ਰਾਜ, ਫਿਰ ਮੱਧ ਵਿੱਚ ਰਾਵਨ ਰਾਜ ਹੋਇਆ। ਸੀੜੀ ਉਤਰਦੇ ਰਹੇ। ਸਤਯੁਗ ਵਿੱਚ ਕਹਿਣਗੇ ਸਤੋਪ੍ਰਧਾਨ ਫਿਰ ਸਤੋ, ਰਜੋ, ਤਮੋ ਵਿੱਚ ਉਤਰਦੇ ਹਨ। ਚੱਕਰ ਫਿਰਦਾ ਰਹਿੰਦਾ ਹੈ। ਕੋਈ - ਕੋਈ ਕਹਿੰਦੇ ਹਨ ਬਾਬਾ ਨੂੰ ਕੀ ਪਈ ਸੀ ਜੋ 84 ਦੇ ਚੱਕਰ ਵਿੱਚ ਸਾਨੂੰ ਲਿਆਂਦਾ। ਪਰ ਇਹ ਤਾਂ ਸ੍ਰਿਸ਼ਟੀ ਚੱਕਰ ਅਨਾਦਿ ਬਣਿਆ ਹੋਇਆ ਹੈ, ਇਨ੍ਹਾਂ ਦੇ ਆਦਿ - ਮੱਧ - ਅੰਤ ਨੂੰ ਜਾਨਣਾ ਹੈ। ਮਨੁੱਖ ਹੋਕੇ ਜੇਕਰ ਨਹੀਂ ਜਾਣਦੇ ਤਾਂ ਉਹ ਨਾਸਤਿਕ ਹਨ। ਜਾਨਣ ਨਾਲ ਤੁਹਾਨੂੰ ਕਿੰਨਾ ਉੱਚ ਪਦ ਮਿਲਦਾ ਹੈ। ਇਹ ਪੜ੍ਹਾਈ ਕਿੰਨੀ ਉੱਚ ਹੈ। ਵੱਡਾ ਇਮਤਿਹਾਨ ਪਾਸ ਕਰਨ ਵਾਲੇ ਦੀ ਦਿਲ ਵਿੱਚ ਖੁਸ਼ੀ ਹੁੰਦੀ ਹੈ ਨਾ, ਅਸੀਂ ਵੱਡੇ ਤੋਂ ਵੱਡੀ ਪਦਵੀ ਪਾਵਾਂਗੇ। ਤੁਸੀਂ ਜਾਣਦੇ ਹੋ ਇਹ ਲਕਸ਼ਮੀ - ਨਾਰਾਇਣ ਆਪਣੇ ਪੂਰਵ ਜਨਮ ਵਿੱਚ ਸਿੱਖਕੇ ਫਿਰ ਮਨੁੱਖ ਤੋਂ ਦੇਵਤਾ ਬਣੇ।

ਇਸ ਪੜ੍ਹਾਈ ਨਾਲ ਇਹ ਰਾਜਧਾਨੀ ਸਥਾਪਨ ਹੋ ਰਹੀ ਹੈ। ਪੜ੍ਹਾਈ ਨਾਲ ਕਿੰਨਾ ਉੱਚ ਪਦ ਮਿਲਦਾ ਹੈ। ਵੰਡਰ ਹੈ ਨਾ। ਇੰਨੇ ਵੱਡੇ - ਵੱਡੇ ਮੰਦਿਰ ਜੋ ਬਣਾਉਂਦੇ ਹਨ ਅਥਵਾ ਜੋ ਵੱਡੇ - ਵੱਡੇ ਵਿਦਵਾਨ ਆਦਿ ਹਨ ਉਨ੍ਹਾਂ ਤੋਂ ਪੁਛੋ ਸਤਯੁਗ ਆਦਿ ਵਿੱਚ ਇਨ੍ਹਾਂ ਨੇ ਕਿਵੇਂ ਜਨਮ ਲੀਤਾ ਤਾਂ ਦੱਸ ਨਹੀਂ ਸਕਣਗੇ। ਤੁਸੀਂ ਜਾਣਦੇ ਹੋ ਇਹ ਤਾਂ ਗੀਤਾ ਵਾਲਾ ਹੀ ਰਾਜਯੋਗ ਹੈ। ਗੀਤਾ ਪੜ੍ਹਦੇ ਆਏ ਹਨ ਪਰ ਉਸ ਤੋਂ ਫਾਇਦਾ ਕੁਝ ਨਹੀਂ ਹੈ। ਹੁਣ ਤੁਹਾਨੂੰ ਬਾਪ ਬੈਠ ਸੁਣਾਉਂਦੇ ਹਨ। ਤੁਸੀਂ ਕਹਿੰਦੇ ਹੋ ਬਾਬਾ ਅਸੀਂ ਤੁਹਾਨੂੰ 5 ਹਜ਼ਾਰ ਵਰ੍ਹੇ ਪਹਿਲੇ ਵੀ ਮਿਲੇ ਸੀ। ਕਿਉਂ ਮਿਲੇ ਸੀ? ਸ੍ਵਰਗ ਦਾ ਵਰਸਾ ਲੈਣ। ਲਕਸ਼ਮੀ - ਨਾਰਾਇਣ ਬਣਨ ਦੇ ਲਈ। ਕੋਈ ਵੀ ਛੋਟੇ, ਵੱਡੇ, ਬੁੱਢੇ ਆਦਿ ਆਉਂਦੇ ਹਨ, ਇਹ ਜਰੂਰ ਸਿੱਖਕੇ ਆਉਂਦੇ ਹਨ। ਏਮ ਆਬਜੈਕਟ ਹੀ ਇਹ ਹੈ। ਸੱਤ ਨਾਰਾਇਣ ਦੀ ਸੱਚੀ ਕਥਾ ਹੈ ਨਾ। ਇਹ ਵੀ ਤੁਸੀਂ ਸਮਝਦੇ ਹੋ, ਰਾਜਾਈ ਸਥਾਪਨ ਹੋ ਰਹੀ ਹੈ। ਜੋ ਚੰਗੀ ਰੀਤੀ ਸਮਝ ਲੈਂਦੇ ਹਨ ਉਨ੍ਹਾਂ ਨੂੰ ਆਂਤਰਿਕ ਖੁਸ਼ੀ ਰਹਿੰਦੀ ਹੈ। ਬਾਬਾ ਪੁੱਛਣਗੇ ਹਿੰਮਤ ਹੈ ਨਾ ਰਾਜਾਈ ਲੈਣ ਦੀ? ਕਹਿੰਦੇ ਹਨ ਬਾਬਾ ਕਿਓਂ ਨਹੀਂ, ਅਸੀਂ ਪੜ੍ਹਦੇ ਹੀ ਹਾਂ ਨਰ ਤੋਂ ਨਾਰਾਇਣ ਬਣਨ ਲਈ। ਇੰਨਾ ਸਮੇਂ ਅਸੀਂ ਆਪਣੇ ਨੂੰ ਦੇਹ ਸਮਝ ਬੈਠੇ ਸੀ ਹੁਣ ਬਾਪ ਨੇ ਸਾਨੂੰ ਰਾਈਟਿਅਸ ਰਸਤਾ ਦੱਸਿਆ ਹੈ। ਦੇਹੀ - ਅਭਿਮਾਨੀ ਬਣਨ ਵਿੱਚ ਮਿਹਨਤ ਲੱਗਦੀ ਹੈ। ਘੜੀ - ਘੜੀ ਆਪਣੇ ਨਾਮ - ਰੂਪ ਵਿੱਚ ਫੱਸ ਪੈਂਦੇ ਹਨ। ਬਾਪ ਕਹਿੰਦੇ ਹਨ ਇਸ ਨਾਮ - ਰੂਪ ਤੋਂ ਨਿਆਰਾ ਹੋਣਾ ਹੈ। ਹੁਣ ਆਤਮਾ ਵੀ ਨਾਮ ਤਾਂ ਹੈ ਨਾ। ਬਾਪ ਹੈ ਸੁਪਰੀਮ ਪਰਮਪਿਤਾ, ਲੌਕਿਕ ਬਾਪ ਨੂੰ ਪਰਮਪਿਤਾ ਨਹੀਂ ਕਹਾਂਗੇ। ਪਰਮ ਅੱਖਰ ਇੱਕ ਹੀ ਬਾਪ ਨੂੰ ਦਿੱਤਾ ਹੈ। ਵਾਹ ਗੁਰੂ ਵੀ ਇਨ੍ਹਾਂਨੂੰ ਕਹਿੰਦੇ ਹਨ। ਤੁਸੀਂ ਸਿੱਖ ਲੋਕਾਂ ਨੂੰ ਵੀ ਸਮਝਾ ਸਕਦੇ ਹੋ। ਗ੍ਰੰਥ ਸਾਹਿਬ ਵਿੱਚ ਤਾਂ ਪੂਰਾ ਵਰਨਣ ਹੈ। ਹੋਰ ਕਿਸੇ ਸ਼ਾਸਤਰ ਵਿੱਚ ਇਤਨਾ ਵਰਨਣ ਨਹੀਂ ਹੈ ਜਿਨ੍ਹਾਂ ਗ੍ਰੰਥ ਸਾਹਿਬ ਵਿੱਚ, ਜਪ ਸਾਹਿਬ ਸੁਖਮਨੀ ਵਿੱਚ ਹੈ। ਇਹ ਵੱਡੇ ਅੱਖਰ ਹੀ ਦੋ ਹਨ। ਬਾਪ ਕਹਿੰਦੇ ਹਨ - ਸਾਹਿਬ ਨੂੰ ਯਾਦ ਕਰੋ ਤਾਂ ਤੁਹਾਨੂੰ 21 ਜਨਮ ਦੇ ਲਈ ਸੁਖ ਮਿਲੇਗਾ। ਇਸ ਵਿੱਚ ਮੁੰਝਣ ਦੀ ਤੇ ਗੱਲ ਹੀ ਨਹੀਂ। ਬਾਪ ਬਹੁਤ ਸਹਿਜ ਕਰਕੇ ਸਮਝਾਉਂਦੇ ਹਨ। ਕਿੰਨੇਂ ਹਿੰਦੂ ਟ੍ਰਾਂਸਫਰ ਹੋ ਜਾਕੇ ਸਿੱਖ ਬਣੇ ਹਨ।

ਤੁਸੀਂ ਮਨੁੱਖਾਂ ਨੂੰ ਰਸਤਾ ਦੱਸਣ ਲਈ ਕਿੰਨੇਂ ਚਿੱਤਰ ਆਦਿ ਬਣਾਉਂਦੇ ਹੋ। ਕਿੰਨਾਂ ਸਹਿਜ ਸਮਝਾ ਸਕਦੇ ਹੋ। ਤੁਸੀਂ ਆਤਮਾ ਹੋ, ਫਿਰ ਵੱਖ - ਵੱਖ ਧਰਮਾਂ ਵਿੱਚ ਆਏ ਹੋ। ਇਹ ਵਰਾਇਟੀ ਧਰਮਾਂ ਦਾ ਝਾੜ ਹੈ ਹੋਰ ਕਿਸੇ ਨੂੰ ਇਹ ਪਤਾ ਨਹੀਂ ਹੈ ਕਿ ਕ੍ਰਾਇਸਟ ਕਿਵੇਂ ਆਉਂਦਾ ਹੈ। ਬਾਪ ਨੇ ਸਮਝਾਇਆ ਸੀ - ਨਵੀਂ ਆਤਮਾ ਨੂੰ ਕਰਮਭੋਗ ਨਹੀਂ ਹੋ ਸਕਦਾ। ਕ੍ਰਾਇਸਟ ਦੀ ਆਤਮਾ ਨੇ ਕੋਈ ਵਿਕਰਮ ਥੋੜ੍ਹੀ ਨਾ ਕੀਤਾ ਜੋ ਸਜ਼ਾ ਹੋਵੇ। ਉਹ ਤਾਂ ਸਤੋਪ੍ਰਧਾਨ ਆਤਮਾ ਆਉਂਦੀ ਹੈ, ਜਿਸ ਵਿੱਚ ਆਕੇ ਪ੍ਰਵੇਸ਼ ਕਰਦੀ ਹੈ ਉਨ੍ਹਾਂਨੂੰ ਕਰਾਸ ਆਦਿ ਤੇ ਚੜ੍ਹਾਉਂਦੇ ਹਨ, ਕ੍ਰਾਇਸਟ ਨੂੰ ਨਹੀਂ। ਉਹ ਤਾਂ ਜਾਕੇ ਦੂਸਰਾ ਜਨਮ ਲੈ ਵੱਡੀ ਪਦਵੀ ਪਾਉਂਦੀ ਹੈ। ਪੋਪ ਦੇ ਵੀ ਚਿੱਤਰ ਹਨ।

ਇਸ ਵਕਤ ਇਹ ਸਾਰੀ ਦੁਨੀਆਂ ਬਿਲਕੁਲ ਹੀ ਵਰਥ ਨਾਟ ਏ ਪੈਨੀ ਹੈ। ਤੁਸੀਂ ਵੀ ਸੀ। ਹੁਣ ਤੁਸੀਂ ਵਰਥ ਪਾਉਂਡ ਬਣ ਰਹੇ ਹੋ। ਇਵੇਂ ਨਹੀਂ ਕਿ ਉਨ੍ਹਾਂ ਦੇ ਵਾਰਿਸ ਪਿਛਾੜੀ ਵਿੱਚ ਖਾਣਗੇ, ਕੁਝ ਵੀ ਨਹੀਂ। ਤੁਸੀਂ ਆਪਣੇ ਹੱਥ ਭਰਪੂਰ ਕਰਕੇ ਜਾਂਦੇ ਹੋ, ਬਾਕੀ ਸਭ ਖਾਲੀ ਹੱਥ ਜਾਣਗੇ। ਤੁਸੀਂ ਭਰਪੂਰ ਹੋਣ ਲਈ ਹੀ ਪੜ੍ਹਦੇ ਹੋ। ਇਹ ਵੀ ਜਾਣਦੇ ਹੋ ਜੋ ਕਲਪ ਪਹਿਲਾਂ ਆਏ ਹਨ ਉਹ ਹੀ ਆਉਣਗੇ। ਥੋੜ੍ਹਾ ਵੀ ਸੁਣਨਗੇ ਤਾਂ ਆ ਜਾਣਗੇ। ਸਾਰੇ ਇਕੱਠੇ ਤਾਂ ਵੇਖ ਵੀ ਨਹੀਂ ਸਕਣਗੇ। ਤੁਸੀਂ ਢੇਰ ਪ੍ਰਜਾ ਬਣਾਉਂਦੇ ਹੋ, ਬਾਬਾ ਸਭਨੂੰ ਥੋੜ੍ਹੀ ਨਾ ਵੇਖ ਸਕਦੇ ਹਨ। ਥੋੜ੍ਹਾ ਬਹੁਤ ਸੁਣਨ ਨਾਲ ਵੀ ਪ੍ਰਜਾ ਬਣਦੇ ਜਾਂਦੇ ਹਨ। ਤੁਸੀਂ ਗਿਣਤੀ ਵੀ ਨਹੀਂ ਕਰ ਸਕੋਗੇ।

ਤੁਸੀਂ ਬੱਚੇ ਸਰਵਿਸ ਤੇ ਹੋ, ਬਾਬਾ ਵੀ ਸਰਵਿਸ ਤੇ ਹਨ। ਬਾਬਾ ਸਰਵਿਸ ਬਿਨਾਂ ਰਹਿ ਨਹੀਂ ਸਕਦੇ। ਰੋਜ਼ ਸਵੇਰੇ ਸਰਵਿਸ ਕਰਨ ਆਉਂਦੇ ਹਨ। ਸਤਸੰਗ ਆਦਿ ਵੀ ਸਵੇਰੇ ਨੂੰ ਕਰਦੇ ਹਨ। ਉਸ ਵਕਤ ਬਾਕੀ ਸਭਨੂੰ ਫੁਰਸਤ ਹੁੰਦੀ ਹੈ। ਬਾਬਾ ਤਾਂ ਕਹਿੰਦੇ ਹਨ ਤੁਸੀਂ

ਬੱਚਿਆਂ ਨੂੰ ਘਰ ਤੋਂ ਬਹੁਤ ਸਵੇਰੇ ਵੀ ਨਹੀਂ ਆਉਣਾ ਹੈ ਅਤੇ ਰਾਤ ਨੂੰ ਵੀ ਨਹੀਂ ਆਉਣਾ ਚਾਹੀਦਾ ਕਿਉਂਕਿ ਦਿਨ - ਪ੍ਰਤੀਦਿਨ ਦੁਨੀਆਂ ਬਹੁਤ ਖ਼ਰਾਬ ਹੁੰਦੀ ਜਾਂਦੀ ਹੈ ਇਸਲਈ ਗਲੀ - ਗਲੀ ਵਿੱਚ ਸੈਂਟਰ ਅਜਿਹਾ ਨੇੜ੍ਹੇ ਹੋਣਾ ਚਾਹੀਦਾ ਹੈ, ਜੋ ਘਰ ਤੋਂ ਨਿਕਲਣ ਸੈਂਟਰ ਤੇ ਆਉਣ, ਸਹਿਜ ਹੋ ਜਾਵੇ। ਤੁਹਾਡੀ ਵ੍ਰਿਧੀ ਹੋ ਜਾਵੇਗੀ ਤਾਂ ਰਾਜਧਾਨੀ ਸਥਾਪਨ ਹੋ ਜਾਵੇਗੀ। ਬਾਪ ਸਮਝਾਉਂਦੇ ਤਾਂ ਬਹੁਤ ਸਹਿਜ ਹਨ। ਇਹ ਰਾਜਯੋਗ ਦਵਾਰਾ ਸਥਾਪਨਾ ਕਰ ਰਹੇ ਹਨ। ਬਾਕੀ ਇਹ ਸਾਰੀ ਦੁਨੀਆਂ ਹੋਵੇਗੀ ਹੀ ਨਹੀਂ। ਪ੍ਰਜਾ ਤਾਂ ਕਿੰਨੀ ਢੇਰ ਬਣਦੀ ਹੈ। ਮਾਲਾ ਵੀ ਬਣਨੀ ਹੈ। ਮੁੱਖ ਤਾਂ ਜੋ ਬਹੁਤਿਆਂ ਦੀ ਸਰਵਿਸ ਕਰ ਆਪ ਸਮਾਨ ਬਣਾਉਂਦੇ ਹਨ, ਉਹ ਹੀ ਮਾਲਾ ਦੇ ਦਾਨੇ ਬਣਦੇ ਹਨ। ਲੋਕੀ ਮਾਲਾ ਫੇਰਦੇ ਹਨ ਪ੍ਰੰਤੂ ਅਰਥ ਥੋੜ੍ਹੀ ਨਾ ਸਮਝਦੇ ਹਨ। ਬਹੁਤ ਗੁਰੂ ਲੋਕੀ ਮਾਲਾ ਫੇਰਨ ਦੇ ਲਈ ਦਿੰਦੇ ਹਨ ਕਿ ਬੁੱਧੀ ਇਸ ਵਿੱਚ ਲੱਗੀ ਰਹੇ। ਕਾਮ ਮਹਾਸ਼ਤਰੂ ਹੈ, ਦਿਨ - ਪ੍ਰਤੀਦਿਨ ਬਹੁਤ ਕਠਿਨ ਹੁੰਦਾ ਜਾਵੇਗਾ। ਤਮੋਪ੍ਰਧਾਨ ਬਣਦੇ ਜਾਂਦੇ ਹਨ। ਇਹ ਦੁਨੀਆਂ ਬਹੁਤ ਗੰਦੀ ਹੈ। ਬਾਬਾ ਨੂੰ ਬਹੁਤ ਕਹਿੰਦੇ ਹਨ ਅਸੀਂ ਤਾਂ ਬਹੁਤ ਤੰਗ ਹੋ ਗਏ ਹਾਂ, ਜਲਦੀ ਸਤਿਯੁਗ ਵਿੱਚ ਲੈ ਚੱਲੋ। ਬਾਪ ਕਹਿੰਦੇ ਹਨ ਧੀਰਜ ਧਰੋ, ਸਥਾਪਨਾ ਹੋਣੀ ਹੀ ਹੈ - ਇਹ ਖ਼ਾਤਰੀ ਹੈ। ਇਹ ਖ਼ਾਤਰੀ ਹੀ ਤੁਹਾਨੂੰ ਲੈ ਜਾਵੇਗੀ। ਬੱਚਿਆਂ ਨੂੰ ਇਹ ਵੀ ਦੱਸਿਆ ਹੈ ਤੁਸੀਂ ਆਤਮਾਵਾਂ ਪਰਮਧਾਮ ਤੋਂ ਆਈਆਂ ਹੋ ਫਿਰ ਉੱਥੇ ਜਾਣਾ ਹੈ, ਫਿਰ ਆਵੋਂਗੇ ਪਾਰ੍ਰ ਵਜਾਉਣ। ਤਾਂ ਪਰਮਧਾਮ ਨੂੰ ਯਾਦ ਕਰਨਾ ਪਵੇ। ਬਾਪ ਵੀ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਇਹ ਹੀ ਪੈਗਾਮ ਸਭ ਨੂੰ ਦੇਣਾ ਹੈ ਹੋਰ ਕੋਈ ਪੈਗੰਬਰ ਮੇਸੰਜਰ ਆਦਿ ਹੈ ਨਹੀਂ। ਉਹ ਤਾਂ ਮੁਕਤੀਧਾਮ ਤੋਂ ਹੇਠਾਂ ਲੈ ਆਉਂਦੇ ਹਨ। ਫਿਰ ਉਨ੍ਹਾਂਨੂੰ ਸੀੜੀ ਹੇਠਾਂ ਉਤਰਨਾ ਹੈ। ਜਦੋਂ ਪੂਰੇ ਤਮੋਪ੍ਰਧਾਨ ਬਣ ਜਾਂਦੇ ਹਨ ਤਾਂ ਫਿਰ ਬਾਪ ਆਕੇ ਸਭਨੂੰ ਸਤੋਪ੍ਰਧਾਨ ਬਣਾਉਂਦੇ ਹਨ। ਤੁਹਾਡੇ ਕਾਰਨ ਸਭਨੂੰ ਵਾਪਿਸ ਜਾਣਾ ਪੈਂਦਾ ਹੈ ਕਿਉਂਕਿ ਤੁਹਾਨੂੰ ਨਵੀਂ ਦੁਨੀਆਂ ਚਾਹੀਦੀ ਹੈ ਨਾ - ਇਹ ਵੀ ਡਰਾਮਾ ਬਣਿਆ ਹੋਇਆ ਹੈ। ਬੱਚਿਆਂ ਨੂੰ ਬਹੁਤ ਨਸ਼ਾ ਰਹਿਣਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇਸ ਦੇਹ ਦੇ ਨਾਮ - ਰੂਪ ਤੋਂ ਨਿਆਰਾ ਹੋਕੇ ਦੇਹੀ - ਅਭਿਮਾਨੀ ਬਣਨਾ ਹੈ। ਅਜਿਹੀ ਚਲਨ ਨਹੀਂ ਚੱਲਣੀ ਹੈ ਜੋ ਸਤਿਗੁਰੂ ਦੀ ਨਿੰਦਾ ਹੋਵੇ।

2. ਮਾਲਾ ਦਾ ਦਾਣਾ ਬਣਨ ਦੇ ਲਈ ਬਹੁਤਿਆਂ ਨੂੰ ਆਪ ਸਮਾਨ ਬਣਾਉਣ ਦੀ ਸੇਵਾ ਕਰਨੀ ਹੈ। ਆਂਤਰਿਕ ਖੁਸ਼ੀ ਵਿੱਚ ਰਹਿਣਾ ਹੈ ਕਿ ਅਸੀਂ ਰਾਜਾਈ ਲੈਣ ਦੇ ਲਈ ਪੜ੍ਹ ਰਹੇ ਹਾਂ। ਇਹ ਪੜ੍ਹਾਈ ਹੈ ਹੀ ਨਰ ਤੋਂ ਨਰਾਇਣ ਬਣਨ ਦੀ।

ਵਰਦਾਨ:- ਨਿਰੰਤਰ ਯਾਦ ਦ੍ਵਾਰਾ ਅਵਿਨਾਸ਼ੀ ਕਮਾਈ ਜਮਾ ਕਰਨ ਵਾਲੇ ਸਰਵ ਖਜਾਨਿਆਂ ਦੇ ਅਧਿਕਾਰੀ ਭਵ।

ਨਿਰੰਤਰ ਯਾਦ ਦ੍ਵਾਰਾ ਹਰ ਕਦਮ ਵਿਚ ਕਮਾਈ ਜਮਾ ਕਰਦੇ ਰਹੋ ਤਾਂ ਸੁੱਖ, ਸ਼ਾਂਤੀ, ਆਨੰਦ ਪ੍ਰੇਮ.. ਇਨ੍ਹਾਂ ਸਭ ਖਜਾਨਿਆਂ ਦੇ ਅਧਿਕਾਰ ਦਾ ਅਨੁਭਵ ਕਰਦੇ ਰਹੋਗੇ। ਕੋਈ ਕਸ਼ਟ, ਕਸ਼ਟ ਅਨੁਭਵ ਨਹੀਂ ਹੋਣਗੇ। ਸੰਗਮ ਤੇ ਬ੍ਰਾਹਮਨਾਂ ਨੂੰ ਕੋਈ ਕਸ਼ਟ ਹੋ ਨਹੀਂ ਸਕਦਾ। ਜੇਕਰ ਕੋਈ ਕਸ਼ਟ ਆਉਂਦਾ ਵੀ ਹੀ ਤਾਂ ਬਾਪ ਦੀ ਯਾਦ ਦਵਾਉਣ ਦੇ ਲਈ, ਜਿਵੇਂ ਗੁਲਾਬ ਦੇ ਪੁਸ਼ਪ ਦੇ ਨਾਲ ਕੰਡਾ ਉਸਦੇ ਬਚਾਵ ਦਾ ਸਾਧਨ ਹੁੰਦਾ ਹੈ। ਉਵੇਂ ਉਹ ਤਕਲੀਫਾਂ ਹੋਰ ਹੀ ਬਾਪ ਦੀ ਯਾਦ ਦਵਾਉਣ ਦੇ ਨਿਮਿਤ ਬਣਦੀਆਂ ਹਨ।

ਸਲੋਗਨ:- ਸਨੇਹ ਰੂਪ ਦਾ ਅਨੁਭਵ ਤੇ ਸੁਣਾਉਂਦੇ ਹੋ ਹੁਣ ਸ਼ਕਤੀ ਰੂਪ ਦਾ ਅਨੁਭਵ ਸੁਣਾਓ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਜਿਵੇਂ ਸਾਕਾਰ ਵਿਚ ਵੇਖਿਆ ਲਾਸ੍ਰ ਕਰਮਾਤੀਤ ਸਟੇਜ ਦਾ ਪਾਰਟ ਸਿਰਫ ਬਲੇਸਿੰਗ ਦੇਣ ਦਾ ਰਿਹਾ, ਬੈਲੈਂਸ ਦੀ ਵੀ ਵਿਸ਼ੇਸ਼ਤਾ ਅਤੇ ਬਲੈਸਿੰਗ ਦੀ ਵੀ ਕਮਾਲ ਰਹੀ। ਇਵੇਂ ਫਾਲੋ ਫਾਦਰ। ਸਹਿਜ ਅਤੇ ਸ਼ਕਤੀਸ਼ਾਲੀ ਸੇਵਾ ਇਹ ਹੀ ਹੈ। ਹੁਣ ਵਿਸ਼ੇਸ਼ ਆਤਮਾਵਾਂ ਦਾ ਪਾਰਟ ਹੈ ਬੈਲੈਸਿੰਗ ਦੇਣ ਦਾ। ਭਾਵੇਂ ਨੈਣਾ ਨਾਲ ਦਵੋ, ਭਾਵੇਂ ਮਸਤਕਮਨੀ ਦ੍ਵਾਰਾ।